# ਪੰਜਾਬੀ ਦੁਨੀਆ

ਸਤੰਬਰ-2012

ਭਾਸ਼ਾ ਵਿਭਾਗ, ਪੰਜਾਬ

# ਪੰਜਾਬੀ ਦੁਨੀਆ

ਸਾਲ : 63 ਸਤੰਬਰ - 2012 ਅੰਕ : 9



ਮੁੱਖ ਸੰਪਾਦਕ :
**ਬਲਬੀਰ ਕੌਰ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਸੰਪਾਦਕ :
**ਗੁਰਸ਼ਰਨ ਕੌਰ**
ਸੰਯੁਕਤ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਰਾਹੀਂ :
ਕੰਟਰੋਲਰ
ਛਪਾਈ ਤੇ ਲਿਖਣ ਸਮੱਗਰੀ
ਵਿਭਾਗ, ਪੰਜਾਬ

ਪ੍ਰਕਾਸ਼ਕ :
**ਡਾਇਰੈਕਟਰ**
ਭਾਸ਼ਾ ਵਿਭਾਗ, ਪੰਜਾਬ

ਫੋਟੋ ਕੰਪੋਜ਼ਿੰਗ :
**ਕੰਪਿਊਟਰ ਵਿੰਗ**
ਭਾਸ਼ਾ ਵਿਭਾਗ, ਪੰਜਾਬ,

ਸਾਲਾਨਾ ਚੰਦਾ : 36 ਰੁਪਏ
ਇਹ ਅੰਕ : 3 ਰੁਪਏ



ਪਰਚੇ ਵਿਚ ਲੇਖਕਾਂ ਵਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ/ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।



1. ਸੰਪਾਦਕੀ 02

2. ਗੁਰੂ ਨਾਨਕ ਬਾਣੀ ਦੀ ਅਜੋਕੀ ਪ੍ਰਸੰਗ ਵਿਚ ਸਾਰਥਕਤਾ
-ਡਾ.ਸੰਦੀਪ ਕੌਰ ਸੇਖੋਂ 04

3. ਅਸ਼ਫ਼ਾਕ ਸਰਵਰ ਦੁਆਰਾ ਸੰਪਾਦਿਤ ਪੁਸਤਕ ਕੁਝ ਪਾਰ ਦੀਆਂ : ਮੁੱਖ ਸਰੋਕਾਰ
-ਪ੍ਰੋ. ਗੁਰਜੀਤ ਕੌਰ 12

4. ਕੁਲਦੀਪ ਸਿੰਘ ਸੂਰੀ ਦੀ ਨਾਵਲਕਾਰੀ :ਕੁਝ ਨਕਸ਼
-ਡਾ.ਨਰੇਸ਼ ਕੁਮਾਰ 19

5. ਲੋਕ ਕਹਾਣੀ :ਵਸਤੂ ਤੇ ਵਿਧਾ
-ਜਸਪ੍ਰੀਤ ਕੌਰ 32

6. ਮੀਆਂ ਮੁਹੰਮਦ ਬਖ਼ਸ਼ ਜਿਹਲਮੀਂ ਰਚਿਤ ਕਿੱਸਾ : ਸੈਫ਼ ਮਲੂਕ : ਕਥਾ-ਸਰੋਤ ਅਤੇ ਸਾਰ
-ਡਾ.ਜਗੀਰ ਸਿੰਘ ਨੂਰ 37

7. ਵਿਆਹ ਦੀਆਂ ਬਦਲਦੀਆਂ ਰਸਮਾਂ
-ਡਾ.ਬਲਜੀਤ ਰੰਧਾਵਾ 59

8. ਪੁਸਤਕ ਰਿਵਿਊ 67

# ਕੁਲਦੀਪ ਸਿੰਘ ਸੂਰੀ ਦੀ ਨਾਵਲਕਾਰੀ :ਕੁਝ ਨਕਸ਼

-ਡਾ.ਨਰੇਸ਼ ਕੁਮਾਰ

ਸਮਕਾਲੀਨ ਪੰਜਾਬੀ ਸਾਹਿਤ ਦੇ ਮਹਾਂ-ਦ੍ਰਿਸ਼ ਵਿਚ ਪੰਜਾਬੀ ਗਲਪ ਸਿਰਜਣਾ ਅਤੇ ਸਮੀਖਿਆ ਦੀ ਹੋਰ ਸਾਹਿਤ ਵਿਧਾਵਾਂ ਨਾਲੋਂ (ਕਵਿਤਾ ਨੂੰ ਛੱਡ ਕੇ) ਵਧੇਰੇ ਸਿਰਜਣਾ ਹੋ ਰਹੀ ਹੈ। ਇਸ ਸੰਦਰਭ ਵਿਚ ਇਹ ਪ੍ਰਯਾਸ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਸੰਤੁਸ਼ਟੀਯੋਗ ਹਨ। ਪੰਜਾਬੀ ਗਲਪ ਹੁਣ ਤਕ ਲਗਭਗ ਸੌ ਵਰ੍ਹੇ ਪੂਰੇ ਕਰ ਚੁੱਕਾ ਹੈ। ਇਸ ਕਾਲਖੰਡ ਦੌਰਾਨ ਪੰਜਾਬੀ ਨਾਵਲ ਨੇ ਸਮੁੱਚੇ ਜੀਵਨ, ਸਮਾਜਿਕ ਵਰਤਾਰਿਆਂ, ਬ੍ਰਹਿਮੰਡਕ ਵਰਤਾਰਿਆਂ ਅਤੇ ਅੰਤਰ ਰਾਸ਼ਟਰੀ ਸਰੋਕਾਰਾਂ ਨੂੰ ਆਪਣੇ ਵਿਚ ਜਜ਼ਬ ਕਰ ਲਿਆ ਹੈ। ਏਸੇ ਤਰ੍ਹਾਂ ਨਾਵਲ ਦਾ ਵਿਧਾਗਤ ਵਿਕਾਸ ਵੀ ਹੋਇਆ ਹੈ। ਵਿਭਿੰਨ ਨਾਵਲਕਾਰਾਂ ਨੇ ਆਪਣੇ ਅਨੁਭਵ ਅਤੇ ਕਲਾਤਮਕ ਯੋਗਤਾ ਸਦਕਾ ਆਪਣੇ ਨਾਵਲਾਂ ਵਿਚ ਵਿਭਿੰਨ ਨਾਵਲੀ ਜੁਗਤਾਂ ਦਾ ਪ੍ਰਯੋਗ ਕਰ ਵਿਭਿੰਨ ਵਿਧਾਗਤ ਚੌਖਟਿਆਂ ਦੀ ਵੀ ਸਿਰਜਣਾ ਕੀਤੀ ਹੈ। "ਪੰਜਾਬੀ ਵਿਚ ਸਾਨੂੰ ਬਹੁਤ ਅਜਿਹੇ ਨਾਵਲ ਮਿਲਣਗੇ ਜਿਨ੍ਹਾਂ ਵਿਚ ਬਿਰਤਾਂਤ-ਰਚਨਾ ਦੀ ਧੁਰੀ ਇਤਿਹਾਸ ਜਾਂ ਖੁਦ ਲੇਖਕ ਦੇ ਆਪਣੇ ਸਮੇਂ ਦੀ ਕੋਈ ਵਾਸਤਵਿਕ ਸਮੱਸਿਆ ਜਾਂ ਸੱਚਮੁਚ ਵਾਪਰੀ ਘਟਨਾ ਹੁੰਦੀ ਹੈ। ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲਾਂ ਵਿਚ ਮੁਗ਼ਲ ਹਾਕਮਾਂ ਤੇ ਸਿੰਘ ਸੂਰਮਿਆਂ ਦੀ ਟੱਕਰ ਅਠ੍ਹਾਰਵੀਂ ਸਦੀ ਦੇ ਪੰਜਾਬ ਦੇ ਸਿੱਖ ਇਤਿਹਾਸ ਦਾ ਹਿੱਸਾ ਹੈ। ਨਾਨਕ ਸਿੰਘ ਦੇ ਤਕਰੀਬਨ ਸਾਰੇ ਨਾਵਲ ਉਸ ਦੇ ਸਮਕਾਲ ਦੀ ਕਿਸੇ ਨਾ ਕਿਸੇ ਵਾਸਤਵਿਕ ਸਮੱਸਿਆ ਨਾਲ ਸਬੰਧਿਤ ਹਨ।"[1] ਪੰਜਾਬੀ ਨਾਵਲ ਨੇ ਹੁਣ ਤਕ ਇਤਿਹਾਸਕ ਸੰਦਰਭ ਵਿਚ ਕਈ ਪੜਾਅ ਤੈਅ ਕੀਤੇ ਹਨ। ਸਾਧਾਰਣ ਜੀਵਨ ਸ਼ੈਲੀ ਦੀ ਮਨੋਰਥੀ ਅਭਿਵਿਅਕਤੀ ਤੋਂ ਲੈ ਕੇ ਸਮਕਾਲੀ ਪੂੰਜੀਵਾਦੀ ਸਮਾਜ ਦੇ ਜਟਿਲ ਜੀਵਨ ਨੂੰ ਜਟਿਲ ਗਲਪੀ ਪੈਰਾਡਾਇਮ ਦੇ ਰੂਪ ਵਿਚ ਸਿਰਜਣਾ ਪੰਜਾਬੀ ਨਾਵਲ ਦਾ ਸੰਖੇਪ ਇਤਿਹਾਸ

---

ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਰੋਟ ਜੈਮਲ ਸਿੰਘ (ਪਠਾਨਕੋਟ)

Regn. No. PB/PTA/42/2011 (2011-13) R.N.I. No. 10067/57/Min of I & B

ਭਾਸ਼ਾ ਵਿਭਾਗ, ਪੰਜਾਬ

7951/04-2013/500 ਕਾਪੀਆਂ/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ